# ਪ੍ਰੈਸ ਨੋਟ

## ਸੀ.ਆਈ.ਏ ਸਟਾਫ ਫਿਰੋਜਪੁਰ ਵਲੋ 01 ਲੱਖ 02 ਹਜਾਰ ਲੀਟਰ ਲਾਹਣ (35 ਤਰਪਾਲਾ, 07 ਡਰੱਮ, 04 ਪਤੀਲੇ) ਦਰਿਆ ਸਤਲੁਜ ਕੰਢੇ ਤੋ ਬ੍ਰਾਮਦ ਅਤੇ ਦੋਸ਼ੀ ਭਗੌੜੇ

ਸ਼੍ਰੀ ਹਰਮਨਦੀਪ ਸਿੰਘ ਹਾਂਸ ਆਈ.ਪੀ.ਐਸ ਸੀਨੀਅਰ ਕਪਤਾਨ ਪੁਲਿਸ ਫਿਰੋਜਪੁਰ ਜੀ ਵਲੋ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਹੋਇਆ ਦੱਸਿਆ ਕਿ ਸੀ.ਆਈ.ਏ ਸਟਾਫ ਫਿਰੋਜਪੁਰ ਵਲੋ ਦਰਿਆ ਸਤਲੁਜ ਦੇ ਕੰਢੇ ਪਰ ਲਾਹਣ ਪਾ ਕੇ ਨਜੈਜ਼ ਸ਼ਰਾਬ ਕਸ਼ੀਦ ਕਰਨ ਵਾਲੇ ਵਿਅਕਤੀਆ ਪਰ ਸ਼ਿਕੰਜਾ ਕੱਸਦਿਆ ਅੱਜ ਰਕਬਾ ਕਾਲੂ ਵਾਲਾ ਦਾਖਲੀ ਨਿਹਾਲੇ ਵਾਲਾ ਥਾਣਾ ਸਦਰ ਫਿਰੋਜਪੁਰ ਦਰਿਆ ਫਾਟ ਨੇੜਿਉ ਸਰਚ ਦੌਰਾਨ ਐਕਸਾਈਜ ਇੰਸਪੈਕਟਰ ਦੀ ਹਾਜਰੀ ਵਿੱਚ ਭਾਰੀ ਮਾਤਰਾ ਵਿੱਚ ਵਜਨੀ 01 ਲੱਖ 02 ਹਜਾਰ ਲੀਟਰ ਲਾਹਣ ਸਮੇਤ 35 ਤਰਪਾਲਾ, 07 ਡਰੱਮ, 04 ਪਤੀਲੇ ਬ੍ਰਾਮਦ ਕੀਤੇ ਹਨ। ਦਰਿਆਈ ਇਲਾਕਾ ਹੋਣ ਕਰਕੇ ਮੌਕਾ ਤੋ ਸ਼ਰਾਬ ਤੱਸਕਰ ਜੀਵਨ ਸਿੰਘ ਪੁੱਤਰ ਬਹਾਦਰ ਸਿੰਘ ਵਾਸੀ ਕਾਲੂ ਵਾਲਾ ਦਾਖਲੀ ਨਿਹਾਲੇ ਵਾਲਾ, ਸ਼ੇਰਾ ਪੁਤਰ ਬੰਤਾ ਅਤੇ ਬੱਗਾ ਪੁੱਤਰ ਜੰਗੀਰ ਵਾਸੀਆਨ ਪਿੰਡ ਚਾਦੀ ਵਾਲਾ ਭੱਜਣ ਵਿੱਚ ਕਾਮਯਾਬ ਹੋ ਗਏ। ਜਿਨ੍ਹਾ ਦੇ ਖਿਲਾਫ ਥਾਣਾ ਸਦਰ ਫਿਰੋਜਪੁਰ ਵਿਖੇ ਮੁਕੱਦਮਾ ਨੰਬਰ 194 ਮਿਤੀ 12-12-2021 ਅ/ਧ 61/1/14 ਆਬਕਾਰੀ ਐਕਟ ਦਰਜ ਰਜਿਸਟਰ ਕੀਤਾ ਗਿਆ ਹੈ। ਦੋਸ਼ੀਆਨ ਉਕਤਾਨ ਨੂੰ ਜਲਦ ਤੋ ਜਲਦ ਗ੍ਰਿਫਤਾਰ ਕੀਤਾ ਜਾਵੇਗਾ।

Scanned with CamScanner